# ਮੁਸਕਰਾਉਂਦਾ ਹਿੰਦੁਸਤਾਨ, ਦੁਖੀ ਲੋਕ

ਯੂ.ਪੀ.ਏ. ਦੀ ਮਨਮੋਹਨ ਸਿੰਘ ਸਰਕਾਰ, ਅਤੇ ਕਾਂਗਰਸ ਪਾਰਟੀ ਨੇ ਹਿੰਦੁਸਤਾਨ ਵਿਚ ਇਕ ਨਵੀਂ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਮੁਹਿਮ ਦਾ ਨਾਂ ਰੱਖਿਆ ਹੈ `ਮੁਸਕ੍ਰਾਉਂਦਾ ਹਿੰਦੁਸਤਾਨ`। ਸਰਕਾਰ ਦੇ ਵਜ਼ੀਰ ਅਤੇ ਯੂ.ਪੀ.ਏ ਦੇ ਹੋਰ ਲੀਡਰ ਹਿੰਦੁਸਤਾਨ ਵਿਚ ਥਾਂ ਥਾਂ ਤੇ ਫੱਟੇ ਲਾ ਕੇ ਅਤੇ ਪ੍ਰਚਾਰ ਦੇ ਹੋਰ ਫਰੇਬੀ ਸਾਧਨਾਂ ਰਾਹੀਂ ਦੁਖੀ ਲੋਕਾਂ ਨੂੰ ਧੋਖਾ ਦੇਣ ਦੀ ਅਤੇ ਮੁਸਕਰਾਉਣ ਵਾਸਤੇ ਰਜ਼ਾਮੰਦ ਕਰਨ ਦੀ ਕੋਸ਼ਿਸ਼ ਕਰਨਗੇ ਕਿਉਂਕਿ ਇਨ੍ਹਾਂ ਦੇ ਮੁਤਾਬਿਕ ਪਿਛਲੇ ਦੋ ਸਾਲਾ ਵਿਚ ਮਨਮੋਹਨ ਸਿੰਘ ਦੀ ਸਰਕਾਰ ਨੇ ਲੋਕਾਂ ਲਈ ਬਹੁਤ ਕੁਝ ਕੀਤਾ ਹੈ ਤੇ ਲੋਕਾਂ ਹੁਣ ਜ਼ਰੂਰ ਮੁਸਕਰਾਉਣਾ ਚਾਹੀਦਾ ਹੈ।

ਸਰਕਾਰ ਨੇ ਇਹ ਮੁਹਿੰਮ ਪੰਜਾਬ ਦੇ ਸ਼ਹਿਰ ਤਰਨਤਾਰਨ, ਜੋ ਹੁਣ ਜ਼ਿਲ੍ਹਾ ਬਣਾ ਦਿੱਤਾ ਗਿਆ ਹੈ, ਤੋਂ ਸ਼ੁਰੂ ਕੀਤੀ ਹੈ ਜਿਥੇ ਕਾਂਗਰਸ ਦੀ ਕੇਂਦਰੀ ਸਰਕਾਰ ਨੇ ਵਿਅਕਤੀਗਤ ਦਹਿਸ਼ਤਗਰਦੀ ਨੂੰ ਦਬਾਉਣ ਦੇ ਬਹਾਨੇ ਹੇਠ ਸਰਕਾਰੀ ਦਹਿਸ਼ਗਰਦੀ ਦਾ ਨੰਗਾ ਨਾਚ ਕਰਦਿਆਂ ਹਜ਼ਾਰਾਂ ਨੌਜਵਾਨਾਂ ਨੂੰ ਕਤਲ ਕੀਤਾ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਵੀ ਚੋਰੀਂ ਚੋਰੀਂ ਸਾੜ ਦਿਤਾ ਸੀ।

ਸਰਕਾਰੀ ਐਲਾਨ ਮੁਤਾਬਿਕ ਮੁਸਕਰਾਉਣ ਦੀ ਮੁਹਿੰਮ ਹਿੰਦੁਸਤਾਨ ਦੇ ਹਰ ਹਿੱਸੇ ਵਿਚ ਲਿਜਾਈ ਜਾਵੇਗੀ। ਮਨਮੋਹਨ ਸਿੰਘ ਦੀ ਸਰਕਾਰ ਨੇ ਇਹ ਮੁਹਿਮ ਉਦੋਂ ਸ਼ੁਰੂ ਕੀਤੀ ਹੈ ਜਦ ਹਿੰਦੁਸਤਾਨ ਦੇ ਆਮ ਲੋਕਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ ਜਿਹਦੀ ਇਕ ਮਿਸਾਲ ਇਹ ਹੈ ਕਿ ਮਹਾਂਰਾਸ਼ਟਰ ਦੇ ਵਿਦਰਭ ਦੇ ਇਲਾਕੇ ਵਿਚ ਪਿਛਲੇ ਕੁਝ ਮਹੀਨਿਆਂ ਵਿਚ ਹੀ ਸੈਂਕੜੇ ਕਿਸਾਨਾਂ ਨੇ ਕਰਜ਼ੇ ਹੇਠਾਂ ਦਬੇ ਹੋਣ ਕਾਰਨ ਖ਼ੁਦਕਸ਼ੀ ਕਰ ਲਈ ਹੈ। ਹਿੰਦੁਸਤਾਨ ਦੇ ਲੋਕ ਹੁਣ ਮਹਿੰਗਾਈ, ਬੇਰੋਜ਼ਗਾਰੀ ਅਤੇ ਗਰੀਬੀ ਦੇ ਹਾਲਾਤ ਦੇ ਖ਼ਿਲਾਫ਼ ਮੁਜ਼ਾਹਿਰੇ, ਰੈਲੀਆਂ ਅਤੇ ਹਥਿਆਰਬੰਦ ਘੋਲਾਂ ਨੂੰ ਹੋਰ ਵੀ ਤੇਜ਼ ਕਰ ਰਹੇ ਹਨ। ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਮਜ਼ਦੂਰਾਂ, ਕਰਮਚਾਰੀਆਂ, ਵਿਦਿਆਰਥੀਆਂ ਅਤੇ ਹੋਰ ਮੁਲਾਜ਼ਮ ਵੀ ਲਗਾਤਾਰ ਰੈਲੀਆਂ ਅਤੇ ਮੁਜ਼ਾਹਰੇ ਕਰ ਰਹੇ ਹਨ।

ਮਨਮੋਹਨ ਸਿੰਘ ਦੀ ਸਰਕਾਰ ਨੇ ਲੋਕਾਂ ਦੇ ਇਨ੍ਹਾਂ ਮਸਲਿਆਂ, ਜਿਨ੍ਹਾਂ ਕਰਕੇ ਉਹ ਬਹੁਤ ਲੰਬੇ ਅਰਸੇ ਤੋਂ ਦੁਖੀ ਹਨ, ਵੱਲ ਧਿਆਨ ਦੇ ਕੇ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਮੁਸਕ੍ਰਾਉਣ ਲਈ ਰਜ਼ਾਮੰਦ ਕਰਨ ਵਾਸਤੇ ਮੁਹਿੰਮ ਛੇੜਨ ਦਾ ਰਾਹ ਫੜਿਆ ਹੈ। ਇਹ ਲੋਕਾਂ ਨਾਲ ਇਕ ਹੋਰ ਭੱਦਾ ਮਜ਼ਾਕ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਬਾਜਪਾਈ ਦੀ ਐਨ.ਡੀ.ਏ ਸਰਕਾਰ ਵਾਂਗ ਹੀ ਮਨਮੋਹਨ ਸਿੰਘ ਦੀ ਯੂ.ਪੀ.ਏ ਸਰਕਾਰ ਵੀ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦੀ। ਬਾਜਪਾਈ ਸਰਕਾਰ ਨੇ ਵੀ ਅਮਰੀਕਾ ਦੀਆਂ ਪ੍ਰਚਾਰ ਕੰਪਨੀਆਂ ਦੀ ਮਦਦ ਨਾਲ ਲਿਸ਼ਕਦਾ ਹਿੰਦੁਸਤਾਨ ਦਾ ਨਾਅਰਾ ਲਾਇਆ ਸੀ ਅਤੇ ਲੋਕਾਂ ਦੇ ਮਸਲਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ ਦਿਖਾਈ। ਹੁਣ ਮਨਮੋਹਨ ਸਿੰਘ ਦੀ ਸਰਕਾਰ ਨੇ ਵੀ ਲੋਕਾਂ ਦੇ ਦੁਖ਼ ਤਕਲੀਫ਼ਾਂ ਦਾ ਮਖੌਲ ਉਡਾਉਂਦੇ ਹੋਏ ਉਨ੍ਹਾਂ ਨੂੰ ਮੁਸਕਰਾਉਣ ਦੀ ਨਸੀਹਤ ਕੀਤੀ ਹੈ।

ਹਿੰਦੁਸਤਾਨ ਦਾ ਹਾਕਮ ਟੋਲਾ ਅਤੇ ਇਨ੍ਹਾਂ ਦੀਆਂ ਸਿਆਸੀ ਪਾਰਟੀਆਂ ਲੋਕਾਂ ਨਾਲ ਇਹੋ ਜਿਹੇ ਭੱਦੇ ਮਖੌਲ ਪਹਿਲਾਂ ਤੋਂ ਹੀ ਕਰਦੇ ਆਏ ਹਨ। ਅਗਸਤ 1947 ਵਿਚ ਨਹਿਰੂ ਨੇ ਕਿਹਾ ਸੀ ਕਿ ਉਸਦੀ ਸਰਕਾਰ ਹਿੰਦੁਸਤਾਨ ਦੇ ਲੋਕਾਂ ਦੀ ਹਰ ਅੱਖ ਦੇ ਹੰਝੂ ਪੂੰਝ ਦੇਵੇਗੀ। ਪਰ ਹਕੀਕਤ ਵਿਚ ਲੋਕਾਂ ਦੇ ਹੰਝੂਆਂ ਦੇ ਹੜ੍ਹ ਵਗਾਉਣ ਦੇ ਕਾਰਜ ਡੱਟ ਕੇ ਕੀਤੇ ਸਨ। 1951 ਵਿਚ ਉਸ ਵੇਲੇ ਦੇ ਭਾਰਤੀ ਸਦਰ ਡਾ. ਰਾਜਿੰਦਰ ਪ੍ਰਸ਼ਾਦ ਨੇ ਖ਼ੁਦ ਇਹ ਮੰਨਿਆਂ ਸੀ ਕਿ ਪਿਛਲੇ ਚਾਰ ਸਾਲਾਂ ਵਿਚ ਹਿੰਦੁਸਤਾਨ ਦੀ ਸਰਕਾਰ ਨੇ ਅੰਗ੍ਰੇਜ਼ਾਂ ਨਾਲੋਂ ਵੀ ਜ਼ਿਆਦਾ ਵਾਰ ਲੋਕਾਂ ਉਤੇ ਗੋਲੀਆਂ ਚਲਾਈਆਂ ਸਨ।

ਇਸੇ ਤਰਾਂ ਇੰਦਰਾ ਗਾਂਧੀ ਨੇ `ਗਰੀਬੀ ਹਟਾਓ` ਦਾ ਨਾਅਰਾ ਲਾਇਆ ਸੀ ਪਰ ਇਸ ਨਾਅਰੇ ਹੇਠ ਗਰੀਬਾਂ ਦੀ ਹੋਰ ਜ਼ਿਆਦਾ ਛਿੱਲ ਲਾਹੁਣ ਦਾ ਬੰਦੋਬਸਤ ਕੀਤਾ ਸੀ, ਇਥੋਂ ਤਕ ਕਿ ਲੋਕਾਂ ਉਤੇ ਤਸ਼ੱਦਦ ਕਰਨ ਵਿਚ ਸਹੂਲਤ ਵਾਸਤੇ ਮੁਲਕ ਵਿਚ ਐਮਰਜੈਂਸੀ ਵੀ ਲਾ ਦਿਤੀ ਸੀ। ਇੰਦਰਾ ਗਾਂਧੀ ਦੇ ਬਾਅਦ ਰਾਜੀਵ ਗਾਂਧੀ ਨੇ `ਮੇਰਾ ਭਾਰਤ ਮਹਾਨ` ਦਾ ਨਾਅਰਾ ਲਾਇਆ ਸੀ ਅਤੇ ਲੋਕਾਂ ਨੂੰ ਕਿਹਾ ਸੀ ਕਿ ਹਿੰਦੁਸਤਾਨ ਤਾਂ ਏਨਾ ਮਹਾਨ ਹੋ ਗਿਆ ਹੈ ਕਿ ਉਨ੍ਹਾਂ ਨੂੰ ਆਪਣੇ ਮਸਲਿਆਂ ਬਾਰੇ ਕੋਈ ਫਿਕਰ ਕਰਨ ਦੀ ਲੋੜ ਹੀ ਨਹੀਂ ਹੈ!

ਲੋਕਾਂ ਨਾਲ ਇਨ੍ਹਾਂ ਭੱਦੇ ਮਖੌਲਾਂ ਵਿਚ ਖੱਬੇ-ਸੱਜੇ ਕਾਮਰੇਡ ਵੀ ਹਮੇਸ਼ਾ ਹਾਕਮ ਟੋਲੇ ਦੇ ਨਾਲ ਹੀ ਰਹੇ ਹਨ। ਕਦੇ ਇਹ ਬਾਹਰੋਂ, ਕਦੇ ਅੰਦਰੋਂ, ਅਤੇ ਕਦੇ ਦੋਹਾਂ ਹੀ ਪਾਸਿਆਂ ਤੋਂ ਹਾਕਮ ਟੋਲੇ ਦੇ ਭੱਦੇ ਮਖੌਲਾਂ ਦੀ ਹਿਮਾਇਤ ਕਰਦੇ ਰਹੇ ਹਨ। ਮਨਮੋਹਨ ਸਿੰਘ ਸਰਕਾਰ ਦਾ ਇਹ ਨਵਾਂ ਸ਼ੋਸ਼ਾ ਲੋਕਾਂ ਨੂੰ ਆਪਣੇ ਘੋਲ ਹੋਰ ਤੇਜ਼ ਕਰਨ ਲਈ ਵੰਗਾਰਦਾ ਹੈ ਅਤੇ ਉਹ ਹਾਕਮ ਟੋਲੇ ਦੇ ਇਸ ਵਹਿਸ਼ੀ ਵਿਅੰਗ ਨਾਲ ਕੁਰਾਹੇ ਨਹੀਂ ਪੈ ਸਕਦੇ।

ਲੋਕਾਂ ਦੇ ਮਸਲੇ ਹੱਲ ਕਰਨ ਲਈ ਹਾਕਮ ਟੋਲੇ ਦੇ ਪੱਲੇ ਹੁਣ ਕੱਖ ਨਹੀਂ, ਇਨ੍ਹਾਂ ਦੇ ਸੱਤੂ ਮੁੱਕ ਚੁਕੇ ਹਨ।

ਲੋਕਾਂ ਨੂੰ ਆਪਣੇ ਘੋਲਾ ਰਾਹੀਂ ਆਪ ਹਾਕਮ ਬਣਨ ਦੀ ਲੋੜ ਹੈ। ਜਿਨਾਂ ਚਿਰ ਉਹ ਖ਼ੁਦ ਹਾਕਮ ਨਹੀਂ ਬਣਦੇ ਉਨਾਂ ਚਿਰ ਹਾਕਮ ਟੋਲਾ ਉਨ੍ਹਾਂ ਨਾਲ ਇਹੋ ਜਿਹੇ ਵਹਿਸ਼ਾਨਾ ਮਖੌਲ ਕਰਦਾ ਹੀ ਰਹੇਗਾ।